# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਚੌਥੀਂ ਮੰਜ਼ਿਲ, ਫੇਜ਼-8, ਐਸ.ਏ.ਐਸ.ਨਗਰ (ਪੰਜਾਬ)।

ਫੋਨ ਨੰ: 0172-5212340, ਈ.ਮੇਲ- adminpunjab@punjabeducation.gov.in


---

**Through Website**

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੰ/ ਐਸ.ਸਿੰ), ਪੰਜਾਬ।
2. ਸਮੂਹ ਸਕੂਲ ਮੁੱਖੀ।

ਮੀਮੋ ਨੰ: ਐਡਮਿਨ/2018/58404

ਮਿਤੀ: ਐਸ.ਏ.ਐਸ ਨਗਰ 31-10-2018

**ਵਿਸ਼ਾ: ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਅਧਿਆਪਕਾਂ ਦੀ ਛੁੱਟੀਆਂ ਸਬੰਧੀ।**

ਹਵਾਲਾ:ਇਸ ਦਫਤਰ ਦਾ ਪੱਤਰ ਨੰ ਐਸ.ਐਸ.ਏ/2018/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/11389 ਮਿਤੀ: ਐਸ.ਏ.ਐਸ ਨਗਰ 17.10.2017

ਉੱਪਰੋਕਤ ਵਿਸ਼ੇ ਅਤੇ ਹਵਾਲਾ ਸਬੰਧੀ ਬਹੁਤ ਸਾਰੇ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲ ਮੁੱਖੀਆਂ ਵੱਲੋਂ ਸਮੇਂ-ਸਮੇਂ ਤੇ ਮੀਟਿੰਗਾਂ ਦੌਰਾਨ ਧਿਆਨ ਵਿੱਚ ਲਿਆਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ ਦੇ ਅਧਿਆਪਕਾਂ ਬੇਲੋੜੀਆਂ ਛੁੱਟੀਆਂ ਲੈ ਰਹੇ ਹਨ ਜਦੋ ਕਿ ਇਹ ਸਮਾਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਮਹਤਵਪੂਰਨ ਹੈ। ਇਸ ਲਈ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰਖਦੇ ਹੋਏ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲ ਮੁਖੀਆਂ ਤੋਂ ਪ੍ਰਾਪਤ ਸੂਚਨਾ ਨੂੰ ਮੁੱਖ ਰਖਦੇ ਹੋਏ ਵਿਭਾਗ ਦੁਆਰਾ ਛੁੱਟੀਆਂ ਲਈ ਜਾਰੀ ਕੀਤਾ ਗਿਆ ਪੱਤਰ ਨੰ: ਐਸ.ਐਸ.ਏ/2017/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/11389 ਮਿਤੀ 17-10-2017 ਨੂੰ ਵਾਪਿਸ ਲਿਆ ਜਾਂਦਾ ਹੈ ਅਤੇ ਅਧਿਆਪਕਾਂ ਦੀਆਂ ਛੁੱਟੀਆਂ ਸਬੰਧੀ ਪਹਿਲਾ ਜਾਰੀ ਪੱਤਰ ਨੰ: ਐਸ.ਐਸ.ਏ/2013/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/5723 ਮਿਤੀ 07-11-2014 ਅਤੇ ਐਸ.ਐਸ.ਏ/2017/ਐਡਮਨ/ਜਨਰਲ/ਛੁੱਟੀਆਂ/ਪਾਲਸੀ/5106 ਮਿਤੀ 23-05-2017 ਹੀ ਲਾਗੂ ਰਹੇਗਾ।

**ਡਾਇਰੈਕਟਰ ਸਿੱਖਿਆ ਵਿਭਾਗ, (ਸੈ.ਸਿੰ),**

**ਪੰਜਾਬ।**

ਨਾਲ ਨੱਥੀ ਹੈ:-

1. ਕਾਪੀ ਪੱਤਰ ਨੰ: ਐਸ.ਐਸ.ਏ/2013/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/5723 ਮਿਤੀ 07-11-2014
2. ਕਾਪੀ ਪੱਤਰ ਨੰ: ਐਸ.ਐਸ.ਏ/2017/ਐਡਮਨ/ਜਨਰਲ/ਛੁੱਟੀਆਂ/ਪਾਲਸੀ/5106 ਮਿਤੀ 23-05-2017.

# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, 5ਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ)
ਪੰਜਾਬ।

ਮੀਮੋ ਨੰ:ਐਸ.ਐਸ.ਏ./2017/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/ 5106
ਮਿਤੀ, ਐਸ.ਏ.ਐਸ ਨਗਰ 23/5/2017

ਵਿਸ਼ਾ: ਸਰਵ ਸਿੱਖਿਆ ਅਭਿਆਨ ਅਧੀਨ ਠੇਕੇ ਤੇ ਨਿਯੁਕਤ ਇਸਤਰੀ ਮੁਲਾਜਮਾਂ ਨੂੰ ਪ੍ਰਸੂਤਾ ਛੁੱਟੀ ਦੇਣ ਸਬੰਧੀ।

1. ਇਸ ਦਫ਼ਤਰ ਦੇ ਪੱਤਰ ਨੰ: ਨੰ:ਐਸ.ਐਸ.ਏ./2013/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/5723 ਮਿਤੀ ਐਸ.ਏ.ਐਸ ਨਗਰ 7.11.2014, ਪੱਤਰ ਨੰ: ਐਸ.ਐਸ.ਏ/2015/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/20158916 ਮਿਤੀ ਐਸ.ਏ.ਐਸ ਨਗਰ 9.06.2015 ਅਤੇ ਐਸ.ਏ.ਐਸ ਨਗਰ/2016/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/14998 ਮਿਤੀ, ਐਸ.ਏ.ਐਸ ਨਗਰ 18.10.2016 ਦੇ ਸਬੰਧ ਵਿੱਚ।

2. ਸਰਵ ਸਿੱਖਿਆ ਅਭਿਆਨ ਅਧੀਨ ਨਿਯੁਕਤ ਇਸਤਰੀ ਮੁਲਾਜਮਾਂ ਨੂੰ Maternity Benefit Act (Amendment) 2017 ਦੀ ਰੋਸ਼ਨੀ ਵਿੱਚ 26 ਹਫਤਿਆਂ (180 ਦਿਨਾਂ) ਦੀ ਤਨਖਾਹ ਸਮੇਤ ਪ੍ਰਸੂਤਾ ਛੁੱਟੀ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।ਇਹ ਪ੍ਰਵਾਨਗੀ ਪ੍ਰਸੋਨਲ ਵਿਭਾਗ/ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਜਾਰੀ ਹਦਾਇਤਾਂ ਅਤੇ ਸਬੰਧਤ ਇਸਤਰੀ ਮੁਲਾਜਮਾਂ ਦੇ ਕੰਟਰੈਕਟ ਰਿਨੀਊਲ/ਕੰਟਰੈਕਟ ਸ਼ਰਤਾਂ ਦੇ ਪਾਬੰਦ ਹੋਣਗੇ।

3. ਇਸ ਤੋਂ ਇਲਾਵਾ ਜੇਕਰ ਮਾਨਯੋਗ ਅਦਾਲਤ ਵੱਲੋਂ Maternity Benefit Act 1961, Amendment 2017 ਦੀ ਰੋਸ਼ਨੀ ਵਿੱਚ ਕੋਈ ਫੈਸਲਾ/ਹੁਕਮ ਕੀਤਾ ਜਾਂਦਾ ਹੈ ਤਾਂ ਇਹ ਹੁਕਮ ਉਨ੍ਹਾਂ ਅਦਾਲਤੀ ਹੁਕਮਾਂ ਦੇ ਪਾਬੰਦ ਹੋਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ: 22.05.17

ਪ੍ਰਦੀਪ ਕੁਮਾਰ, ਆਈ.ਏ.ਐਸ
ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਪਿੱਠ ਅੰਕਣ ਨੰ: ਐਸ.ਐਸ.ਏ./2017/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/ 5106 ਮਿਤੀ : 23/5/2017

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਪੰਜਾਬ।
2. ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੋਸਾਇਟੀ।
3. ਪੰਜਾਬ ਐਜੂਸੈਟ ਸੋਸਾਇਟੀ।
4. ਪੰਜਾਬ ਸਿੱਖਿਆ ਵਿਕਾਸ ਬੋਰਡ।
5. ਮਿਡ.ਡੇ.ਮੀਲ ਸੋਸਾਇਟੀ ਆਦਿ।
6. ਪੀ.ਏ.ਮਾਨਯੋਗ ਡੀ.ਜੀ.ਐਸ.ਈ ਪੰਜਾਬ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

22.5.17

ਦਫ਼ਤਰ ਡਾਇਰੈਕਟਰ ... ਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸ... ਅਭਿਆਨ ਅਥਾਰਟੀ, ਪੰਜਾਬ।
ਕੰਪਲੈਕਸ-ਪੰਜਾਬ ...ੋਰਡ, E Block, 5ਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

ਵੱਲ.

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ)
ਪੰਜਾਬ।

ਮੀਮੋ ਨੰ:ਐਸ.ਐਸ.ਏ./2013/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/ 5723
ਮਿਤੀ, ਐਸ.ਏ.ਐਸ ਨਗਰ 7/11/2014

ਵਿਸ਼ਾ: ਸਰਵ ਸਿੱਖਿਆ ਅਭਿਆਨ ਅਧੀਨ ਠੇਕੇ ਤੇ ਨਿਯੁਕਤ ਮੁਲਾਜਮਾਂ ਦੀ ਛੁੱਟੀਆਂ ਬਾਰੇ ਪਾਲਿਸੀ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਵਿਸ਼ੇ ਤੇ ਸਬੰਧ ਵਿੱਚ ਆਪ ਦਾ ਧਿਆਨ ਇਸ ਦਫ਼ਤਰ ਦੇ ਪੱਤਰ ਨੰ:5/6-ਆਈ.ਸੀ.ਟੀ-2011/Leave/ WP R-03227 ਮਿਤੀ 24.05.2011, ਪੱਤਰ ਨੰ: ਐਸ.ਐਸ.ਏ/2011/ਐਡਮਨ/89963 ਮਿਤੀ 31.10.2011, ਪੱਤਰ ਨੰ: ਐਸ.ਐਸ.ਏ/2012/ਐਡਮਨ/73332 ਮਿਤੀ 3.02.2012 ਅਤੇ ਪੱਤਰ ਨੰ: ਐਸ.ਐਸ.ਏ/2013/ਐਡਮਨ/7929 ਮਿਤੀ 22.04.2013 ਵੱਲ ਦਿਵਾਉਂਦੇ ਹੋਏ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਠੇਕੇ ਤੇ ਨਿਯੁਕਤ ਮੁਲਾਜਮਾਂ ਦੀ ਛੁੱਟੀਆਂ ਬਾਰੇ ਪਾਲਿਸੀ ਤੇ ਵਿਚਾਰ ਕਰਨ ਉਪਰੰਤ Revised ਛੁੱਟੀਆਂ ਸਬੰਧੀ ਗਾਈਡਲਾਈਨਜ਼ ਹੇਠ ਲਿਖੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ: -

| ਲੜੀ ਨੰ: | ਛੁੱਟੀ ਦੀ ਕਿਸਮ | ਕੁੱਲ ਦਿਨ ਵੱਧ ਤੋਂ ਵੱਧ | ਸੰਬੰਧਤ ਅਧਿਕਾਰੀ | ਵਿਸ਼ੇਸ਼ ਕਥਨ |
|---|---|---|---|---|
| 1. | ਅਚਨਚੇਤ ਛੁੱਟੀ | 15 ਦਿਨ (ਕੈਲੰਡਰ ਸਾਲ ਵਿੱਚ) | ਸਕੂਲ ਮੁਖੀ/ਕੰਪੋਨੈਂਟ ਹੈਡ | ੳ) ਲਗਾਤਾਰ 3 ਦਿਨਾਂ ਤੋਂ ਵੱਧ ਨਹੀਂ।<br>ਅ) ਮਹੀਨੇ ਵਿੱਚ 3 ਦਿਨਾਂ ਤੋਂ ਵੱਧ ਨਹੀਂ।<br>ੲ) ਛੁੱਟੀ ਪਹਿਲਾਂ ਮਨਜੂਰ ਕਰਵਾਈ ਜਾਵੇਗੀ। ਨਾਂ ਟਾਲਣਯੋਗ ਹਾਲਤਾਂ ਵਿੱਚ ਛੁੱਟੀ ਫੋਨ ਰਾਂਹੀ, ਜਿਸ ਦਾ ਰਿਕਾਰਡ ਹੋਵੇ, ਦਫ਼ਤਰ ਮੁੱਖੀ/ਸਕੂਲ ਮੁੱਖੀ ਤੋਂ ਲਈ ਜਾ ਸਕਦੀ ਹੈ।<br>ਸ) ਛੁੱਟੀ ਅਧਿਕਾਰ ਨਹੀਂ ਹੈ, ਇਸ ਲਈ ਲੋੜ ਪੈਣ ਤੇ ਛੁੱਟੀ ਲਈ ਜਾਵੇ। ਦਫ਼ਤਰ ਮੁੱਖੀ/ਸਕੂਲ ਮੁੱਖੀ ਨੂੰ ਛੁੱਟੀ ਮਨਜੂਰ/ਨਾਂ ਮਨਜੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਅਧਿਆਪਕ ਦੀ ਛੁੱਟੀ ਲੈਣ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾਂ ਹੋਵੇ।<br>ਹ) ਅਚਣਚੇਤ ਛੁੱਟੀਆਂ ਵਿੱਚੋਂ ਇੱਕ ਤਿਹਾਈ ਅਚਣਚੇਤ ਛੁੱਟੀ ਦਿੱਤੀ ਜਾ ਸਕਦੀ ਹੈ। |
| | ਪ੍ਰਸੂਤਾ ਛੁੱਟੀ | 90 ਦਿਨਾਂ ਦੀ ਤਨਖਾਹ ਸਮੇਤ | 1) ਸਟੇਟ ਹੈਡ ਕੁਆਰਟਰ ਤੇ ਡੀ.ਜੀ.ਐਸ.ਈ.<br>2) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ | ੳ) ਮੈਡੀਕਲ ਅਫ਼ਸਰ ਦੁਆਰਾ ਤਸਦੀਕ ਕੀਤਾ ਸਰਟੀਫਿਕੇਟ ਲੋੜੀਂਦਾ ਹੈ।<br>ਅ) ਇਹ ਛੁੱਟੀ 2 ਜਿਊਂਦੇ ਬੱਚਿਆਂ ਤੱਕ ਹੀ ਦਿੱਤੀ ਜਾਵੇਗੀ।<br>ੲ) ਤੀਸਰੇ ਬੱਚੇ ਲਈ ਪ੍ਰਸੂਤਾ ਛੁੱਟੀ ਤਨਖਾਹ ਸਮੇਤ ਨਹੀ ਦਿੱਤੀ ਜਾਵੇਗੀ, ਪਰ 90 ਦਿਨਾਂ ਦੀ ਬਿਨਾਂ ਤਨਖਾਹ ਛੁੱਟੀ ਦਿੱਤੀ ਜਾ ਸਕਦੀ ਹੈ। |

| | | | |
|---|---|---|---|
| ਬਿਨ੍ਹਾਂ ਤਨਖਾਹ ਛੁੱਟੀ | 15 ਦਿਨ (ਕੈਲੰਡਰ ਸਾਲ ਵਿੱਚ) | 1) ਸਟੇਟ ਹੈਡ ਕੁਆਰਟਰ ਤੇ ਡੀ.ਜੀ.ਐਸ.ਈ.<br><br>2) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ | ੳ) ਲਗਾਤਾਰ 15 ਦਿਨਾਂ ਤੋਂ ਵੱਧ ਨਹੀਂ।<br><br>ਅ) ਛੁੱਟੀ ਹੇਠ ਲਿਖੇ ਕਾਰਨਾਂ ਕਰਕੇ ਲਈ ਜਾ ਸਕਦੀ ਹੈ:<br><br>I) ਆਪਣਾ ਵਿਆਹ<br><br>II) ਆਪਣੀ/ਆਪਣੇ ਕਿਸੇ ਪਰਿਵਾਰ ਦੇ ਮੈਂਬਰ ਦੀ ਬਿਮਾਰੀ ਕਾਰਨ ਆਦਿ।<br><br>III) ਪੀ.ਸੀ.ਪੀ ਲਗਾਉਣ ਲਈ<br><br>ੲ) ਬਿਨਾਂ ਤਨਖਾਹ ਛੁੱਟੀ ਮੈਡੀਕਲ ਆਧਾਰ ਤੇ ਕਿਸੇ ਸਰਕਾਰੀ ਹਸਪਤਾਲ/ਪ੍ਰਾਈਵੇਟ ਹਸਪਤਾਲ ਦੇ ਮੈਡੀਕਲ ਅਫ਼ਸਰ ਦੁਆਰਾ ਜਾਰੀ ਕੀਤੇ ਸਰਟੀਫਿਕੇਟ ਨੂੰ ਪੇਸ਼ ਕਰਨ ਤੇ ਮਿਲੇਗੀ।<br><br>ਸ) ਨਾਂ ਟਾਲਣਯੋਗ ਹਾਲਤਾਂ ਵਿੱਚ ਜੇ ਬਿਨਾਂ ਤਨਖਾਹ ਛੁੱਟੀ ਦੀ 15 ਦਿਨਾਂ ਤੋਂ ਵੱਧ ਲੋੜ ਹੈ, ਤਾਂ ਜਿਲ੍ਹੇ ਦਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਛੁੱਟੀ ਸ਼ਿਫਾਰਸ਼ ਕਰਕੇ ਮੁੱਖ ਦਫ਼ਤਰ ਨੂੰ ਭੇਜਣਗੇ। ਜਿਲ੍ਹਾ ਸਿੱਖਿਆ ਅਫਸਰ ਦੀ ਸ਼ਿਫਾਰਸ਼ ਤੋਂ ਬਿਨਾਂ ਮੁੱਖ ਦਫ਼ਤਰ ਛੁੱਟੀ ਨਾ ਭੇਜੀ ਜਾਵੇ।<br><br>ਹ) ਸਬੰਧਤ ਜਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਛੁੱਟੀ ਨਾ ਮਨਜ਼ੂਰ ਕਰ ਸਕਦਾ ਹੈ।<br><br>ਕ) ਮੁੱਖ ਦਫਤਰ ਵੱਲੋਂ ਨਾਂ ਮਨਜ਼ੂਰ ਕੀਤੀ ਗਈ ਛੁੱਟੀ ਨੂੰ ਮੁੜ ਪ੍ਰਵਾਨਗੀ ਲਈ ਨਾਂ ਭੇਜਿਆ ਜਾਵੇ।<br><br>ਖ) ਛੁੱਟੀ ਨੂੰ ਨਾ-ਮਨਜ਼ੂਰ ਕਰਦੇ ਹੋਏ ਜੇਕਰ ਕਰਮਚਾਰੀ ਗੈਰ-ਹਾਜ਼ਰ ਹੁੰਦਾ ਹੈ ਤਾਂ ਉਸ ਦੀ ਸੂਚਨਾ ਮੁੱਖ ਦਫ਼ਤਰ ਨੂੰ ਜ਼ਲਦ ਤੋਂ ਜਲਦ ਭੇਜੀ ਜਾਵੇ ਅਤੇ 3 ਦਿਨ ਤੋਂ ਵੱਧ ਗੈਰਹਾਜਰ ਕਰਮਚਾਰੀ ਨੂੰ ਦੁਬਾਰਾ ਜੁਆਇੰਨ ਕਰਵਾਉਣ ਲਈ ਮੁੱਖ ਦਫ਼ਤਰ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ।<br><br>ਗ) ਪੀ.ਸੀ.ਪੀ ਲਗਾਉਣ ਲਈ (ਯੂਨੀਵਰਸਿਟੀ ਵਲੋਂ ਪੀ.ਸੀ.ਪੀ ਲਈ ਜਾਰੀ ਕੀਤੇ ਪ੍ਰੋਗਰਾਮ ਅਤੇ ਆਪਣੇ ਦਾਖਲੇ ਦੇ ਸਬੂਤ ਅਤੇ ਦਫਤਰ ਵਲੋਂ ਜਾਰੀ ਕੀਤੀ ਉਚੇਰੀ ਸਿੱਖਿਆ ਹਾਸਲ ਕਰਨ ਲਈ ਜਾਰੀ ਕੀਤੀ ਪ੍ਰਵਾਨਗੀ ਦਾ ਸਬੂਤ ਪੇਸ਼ ਕਰਨ ਤੇ, ਪਰ ਕੈਲੰਡਰ ਸਾਲ ਵਿੱਚ ਮਿਲਨ ਯੋਗ ਬਿਨਾਂ ਤਨਖਾਹ ਛੁੱਟੀਆਂ ਵਿੱਚੋਂ ਹੀ ਇਹ ਛੁੱਟੀ ਪ੍ਰਵਾਨ ਕੀਤੀ ਜਾਵੇਗੀ।<br><br>ਘ) ਨਾਂ ਟਾਲਣਯੋਗ ਹਾਲਤਾਂ ਵਿੱਚ ਜੇ ਕਰਮਚਾਰੀ ਨੂੰ 15 ਦਿਨ ਤੋਂ ਵੱਧ ਛੁੱਟੀ ਦੀ ਲੋੜ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਇਸ ਸਬੰਧ ਵਿੱਚ ਅਜਿਹੀ ਵਿਸ਼ੇਸ਼ ਨਾਂ ਟਾਲਣਯੋਗ ਹਾਲਤ ਦਾ ਵਰਨਣ ਕਰਦੇ ਹੋਏ ਛੁੱਟੀ ਦੀ ਸ਼ਿਫਾਰਸ਼ ਉਪਰੰਤ ਕੇਸ ਮਨਜ਼ੂਰੀ ਲਈ ਮੁੱਖ ਦਫਤਰ ਨੂੰ ਭੇਜੇਗਾ। |
| ਉਚੇਰੀ ਸਿੱਖਿਆ ਲਈ ਛੁੱਟੀ | ਕੇਵਲ ਪੇਪਰ ਵਾਲੇ ਦਿਨ | 1) ਸਟੇਟ ਹੈਡ ਕੁਆਰਟਰ ਤੇ ਡੀ.ਜੀ.ਐਸ.ਈ.<br><br>2) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ | ੳ) ਉਚੇਰੀ ਸਿੱਖਿਆ ਲਈ ਪ੍ਰਵਾਨਗੀ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਦਿੱਤੀ ਜਾਵੇਗੀ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਕਰਮਚਾਰੀ ਨੇ ਜਿਸ ਸੰਸਥਾਂ ਤੋਂ ਉਚੇਰੀ ਯੋਗਤਾ ਲੈਣੀ ਹੈ ਉਹ ਯੂ.ਜੀ.ਸੀ/ਐਨ.ਸੀ.ਟੀ.ਈ ਤੋਂ ਮਾਨਤਾ ਪ੍ਰਾਪਤ ਹੋਵੇ।<br><br>ਅ) ਉਚੇਰੀ ਸਿੱਖਿਆ ਦੀ ਆਗਿਆ ਦੇ ਆਧਾਰ ਤੇ ਕੇਵਲ ਪੇਪਰ ਵਾਲੇ ਦਿਨ ਹੀ ਕਰਮਚਾਰੀ ਨੂੰ ਮਿਲਣਯੋਗ ਛੁੱਟੀਆਂ ਵਿੱਚੋਂ ਹੀ ਇਹ ਛੁੱਟੀ ਦਿੱਤੀ ਜਾਵੇਗੀ ਅਤੇ ਪੇਪਰਾਂ ਵਿਚਲੇ ਬਾਕੀ ਦਿਨਾਂ ਵਿਚ ਉਹ ਸਕੂਲ/ਦਫ਼ਤਰ ਵਿਚ ਹਾਜ਼ਰ ਰਹੇਗਾ। |

| | | | |
|---|---|---|---|
| [illegible] | 15 ਦਿਨ (ਕੈਲੰਡਰ ਸਾਲ ਵਿੱਚ) | ਮੁੱਖ ਦਫ਼ਤਰ ਰਾਹੀਂ | ਇਹ ਛੁੱਟੀ ਮੁੱਖ ਦਫਤਰ ਵਲੋਂ ਪ੍ਰਵਾਨ ਕੀਤੀ ਜਾਵੇਗੀ। ਛੁੱਟੀ ਲਈ ਬੇਨਤੀ ਮੁੱਖ ਦਫਤਰ ਨੂੰ ਛੁੱਟੀ ਤੇ ਜਾਣ ਤੋਂ ਘੱਟੋ ਘੱਟ ਦੋ ਹਫਤੇ ਪਹਿਲਾਂ ਯੋਗ ਵਿਧੀ ਰਾਹੀਂ ਭੇਜੀ ਜਾਵੇਗੀ। ਛੁੱਟੀ ਦੇ ਨਾਲ ਕਰਮਚਾਰੀ ਇਹ ਹਲਫੀਆ ਬਿਆਨ ਦੇਵੇਗਾ ਕਿ ਉਹ ਮਨਜ਼ੂਰ ਹੋਈ ਛੁੱਟੀ ਖਤਮ ਹੋਣ ਤੇ ਮੁੱਖ ਦਫਤਰ ਨੂੰ ਹਾਜਰੀ ਦੇਵੇਗਾ। ਜੇਕਰ ਉਹ ਸਮੇਂ ਸਿਰ ਹਾਜਰੀ ਨਹੀਂ ਦਿੰਦਾ ਤਾਂ ਉਸ ਦਾ ਅਸਤੀਫਾ ਸਮਝਿਆ ਜਾਵੇਗਾ। ਕਿਸੇ ਵੀ ਹਾਲਤ ਵਿੱਚ ਕਰਮਚਾਰੀ ਛੁੱਟੀ ਵਿੱਚ ਵਾਧੇ ਲਈ ਬੇਨਤੀ ਨਹੀਂ ਭੇਜੇਗਾ।<br><br>ਕਰਮਚਾਰੀ ਨੂੰ ਇੱਕ ਕੈਲੰਡਰ ਸਾਲ ਵਿੱਚ ਵਿਦੇਸ਼ ਜਾਣ ਲਈ ਕੁਲ 15 ਬਿਨਾਂ ਤਨਖਾਹ ਛੁੱਟੀਆਂ ਮਿਲਣਯੋਗ ਬਿਨਾਂ ਤਨਖਾਹ ਛੁੱਟੀਆਂ ਵਿੱਚੋਂ ਮਿਲਣਗੀਆਂ। ਜੇਕਰ ਇਹ ਛੁੱਟੀਆਂ ਸਕੂਲ ਵਿੱਚ ਗਰਮੀ ਦੀਆਂ ਛੁੱਟੀਆਂ ਜਾਂ ਸਰਦੀ ਦੀਆਂ ਛੁੱਟੀਆਂ ਦੇ ਨਾਲ ਜੋੜ ਕੇ ਲਈਆਂ ਜਾਂਦੀਆਂ ਹਨ ਤਾਂ ਇਨ੍ਹਾਂ ਛੁੱਟੀਆਂ ਦਾ ਉਸ ਨੂੰ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਵੇਗਾ।<br><br>ਜੇਕਰ ਮੁਲਾਜਮ ਵੱਲੋ ਕੈਲੰਡਰ ਸਾਲ ਦੌਰਾਨ 15 ਦਿਨਾਂ ਦੀ ਬਿਨਾਂ ਤਨਖਾਹ ਅਵੇਲ ਕਰ ਲਈ ਹੈ ਤਾਂ ਉਸ ਦਾ ਕੇਸ ਵਿਦੇਸ਼ ਛੁਟੀ ਲਈ ਵਿਚਾਰਿਆ ਨਹੀਂ ਜਾਵੇਗਾ। |

ਸ਼ੀ/ਕੋ—

ਸਟੇਟ ਪ੍ਰੋਜੈਕਟ ਡਾਇਰੈਕਟਰ-ਕਮ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਪਤ ਅੰਕਣ ਨੰ: ਐਸ.ਐਸ.ਏ./2013/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/5723 ਮਿਤੀ : 7/11/2014

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ
2. ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੋਸਾਇਟੀ
3. ਪੰਜਾਬ ਐਜੂਸੈਟ ਸੋਸਾਇਟੀ
4. ਮਿਡ ਡੇ ਮੀਲ
5. ਪੰਜਾਬ ਸਿੱਖਿਆ ਵਿਕਾਸ ਬੋਰਡ
6. ਡੀ.ਐਮ. (ਐਮ.ਆਈ.ਐਸ) ਵੈਬਸਾਈਟ ਤੇ ਪਾਉਣ ਹਿੱਤ।

ਸ਼ੀ/ਕੋ—

ਸਟੇਟ ਪ੍ਰੋਜੈਕਟ ਡਾਇਰੈਕਟਰ-ਕਮ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ